Press Desk

In the name of Allah the Most Gracious the Ever Merciful

بسم الله الرحمن الرحیم

Ahmadiyya Muslim Jama'at
INTERNATIONAL
(INDIA)

**PRESS RELEASE**

Dated: 15th April 2015

A Registered Religious and Charitable Society in India under the Societies Registration Act XXI 1860

# ਮਨੁੱਖ ਦੀ ਪਹਿਲੀ ਤਰਜੀਹ ਖ਼ੁਰਾਕ ਹੈ । ਅਤੇ ਖ਼ੁਰਾਕ ਖੇਤੀ ਤੋਂ ਬਿਨਾਂ ਪੈਦਾ ਨਹੀਂ ਹੋ ਸਕਦੀ ।(ਵਿਸ਼ਵਵਿਆਪੀ ਅਹਮਦੀਆ ਜਮਾਤ ਦੇ ਇਮਾਮ)

(ਕਾਦੀਆਂ) ਕਿਸੇ ਵੀ ਦੇਸ਼ ਦੀ ਪ੍ਰਗਤੀ ਦਾ ਨਿਰਭਰ ਉਸ ਦੇਸ਼ ਦੇ ਉਦਯੋਗ ਤੇ ਵਣਜ ਉਪੱਰ ਕੇਂਦਰਤ ਹੁੰਦਾ ਹੈ । ਭਾਰਤ ਇਕ ਮਹਾਨ ਦੇਸ਼ ਹੈ ਜਿਸ ਦੀ ਅਬਾਦੀ ਦਾ ਅੱਧੇ ਤੋਂ ਵੱਧ ਭਾਗ ਪੇਂਡੂ ਅਬਾਦੀ ਉਪੱਰ ਅਧਾਰਤ ਹੈ ਅਤੇ ਇਹਨਾਂ ਪਿੰਡਾਂ ਵਿੱਚ ਵਸੱਣ ਵਾਲੀ ਅਬਾਦੀ ਦਾ ਰੋਜ਼ੀ ਰੋਟੀ ਦਾ ਸਾਧਨ ਖੇਤੀ ਹੀ ਹੈ । ਸਾਡਾ ਦੇਸ਼ ਭਾਰਤ ਇਕ ਉਪਜਾਊ ਖੇਤਰ ਹੈ ਅਤੇ ਏਥੋਂ ਦੀ ਜਲਵਾਯੂ ਹਰ ਪ੍ਰਕਾਰ ਦੀ ਪੈਦਾਵਾਰ ਲਈ ਚੰਗੀ ਹੈ । ਪਰ ਅੱਜ ਕਲ ਦੇਖਿਆ ਜਾ ਰਿਹਾ ਹੈ ਕਿ ਖੇਤੀ ਦੇ ਪੇਸ਼ੇ ਨੂੰ ਮਹਤੱਾ ਨਹੀਂ ਦਿੱਤੀ ਜਾ ਰਹੀ ਜਿਸ ਦੇ ਸਿੱਟੇ ਵਿੱਚ ਕਿਸਾਨ ਖੇਤੀ ਛਡੱਣ ਲਈ ਮਜਬੂਰ ਹਨ । ਜਿਸ ਦਾ ਲਾਜ਼ਮੀ ਸਿੱਟਾ ਦੇਸ਼ ਵਿੱਚ ਖ਼ੁਰਾਕ ਦੀ ਘਾਟ ਅਤੇ ਮਹਿੰਗਾਈ ਹੈ ।

ਵਿਸ਼ਵਵਿਆਪੀ ਅਹਮਦੀਆ ਜਮਾਤ ਦੇ ਇਮਾਮ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਆਪਣੇ ਭਾਰਤ ਦੌਰੇ ਸਮੇਂ 2008 ਈ. ਵਿੱਚ ਆਪਣੇ ਰੱਬ ਦੀ ਬਖ਼ਸ਼ੀ ਦੂਰਦਰਸ਼ੀ ਨਿਗਾਹਾਂ ਨਾਲ ਇਹਨਾਂ ਸਮੱਸਿਅਵਾਂ ਨੂੰ ਦੇਖਦਿਆਂ ਹੋਇਆਂ ਪਤੱਰਕਾਰਾਂ ਨੂੰ ਇਸ ਮਹਤੱਵਪੂਰਨ ਵਿਸ਼ੇ ਵੱਲ ਧਿਆਨ ਦੁਆਉਂਦਿਆਂ ਫ਼ਰਮਾਇਆ ਸੀ ਕਿ :

"ਇਸ ਸਮੇਂ ਸ਼ਹਿਰਾਂ ਤੇ ਕਸਬਿਆਂ ਵੱਲ ਧਿਆਨ ਹੈ । ਅਰਥਾਤ ਲੋਕ ਪਿੰਡਾਂ ਨੂੰ ਛੱਡ ਕੇ ਸ਼ਹਿਰਾਂ ਤੇ ਕਸਬਿਆਂ ਦੀ ਅਬਾਦੀ ਵਧਾ ਰਹੇ ਹਨ । ਇਹੋ ਹੀ ਬੇਰੁਜ਼ਗਾਰੀ ਦਾ ਸਭ ਤੋਂ ਵੱਡਾ ਕਾਰਣ ਬਣਦਾ ਜਾ ਰਿਹਾ ਹੈ । ਕਿਉਂਕਿ ਨੌਕਰੀਆਂ ਦੇ ਟਾਕਰੇ ਤੇ ਉਮੀਦਵਾਰਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ । ਇਸ ਲਈ ਖੇਤੀ ਨੂੰ ਤਰੱਕੀ ਦੇਣ ਬਾਰੇ ਸਰਕਾਰ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ।"

ਇਹ ਵਰਨਣ ਯੋਗ ਗੱਲ ਹੈ ਕਿ ਜਮਾਤ ਅਹਮਦੀਆ ਦੇ ਇਮਾਮ ਆਪ ਵੀ ਖੇਤੀ ਉਦਯੋਗ ਦੇ ਮਾਹਰ ਹਨ ਅਤੇ ਆਪ ਨੇ ਘਾਨਾ (ਅਫ਼ਰੀਕਾ) ਦੇ ਇਤਿਹਾਸ ਵਿੱਚ ਪਹਿਲੀ ਵਾਰ ਕਣਕ ਦੀ ਖੇਤੀ ਕੀਤੇ ਜਾਣ ਦਾ ਸਫ਼ਲ ਤਜਰਬਾ ਕੀਤਾ । ਆਪ ਨੇ ਖੇਤੀ ਨੂੰ ਤਰੱਕੀ ਦੇਣ ਵਲ ਧਿਆਨ ਦੁਆਉਂਦਿਆਂ ਹੋਇਆਂ ਫ਼ਰਮਾਇਆ :

ਹਮੇਸ਼ਾਂ ਤੋਂ ਮਨੁੱਖ ਦੀ ਪਹਿਲੀ ਤਰਜੀਹ ਖ਼ੁਰਾਕ ਰਹੀ ਹੈ ਫਿਰ ਦੂਜੀ ਤਰਜੀਹ ਪਾਉਣ ਲਈ ਕਪੜੇ ਅਤੇ ਤੀਜੀ ਰਹਿਣ ਲਈ ਘਰ ਹੈ । ਜਿਵੇਂ ਕਿ ਮੈਂ ਪਹਿਲਾਂ ਕਿਹਾ ਕਿ ਪਹਿਲੀ ਤਰਜੀਹ ਖ਼ੁਰਾਕ ਹੈ ਅਤੇ ਖ਼ੁਰਾਕ ਖੇਤੀ ਤੋਂ ਬਿਨਾਂ ਨਹੀਂ ਹੋ ਸਕਦੀ । ਸਾਡੇ ਉਪਮਹਾਦੀਪ ਦੀ ਜਲਵਾਯੂ ਅਜਿਹੀ ਹੈ ਕਿ ਅਸੀਂ ਹਰ ਪ੍ਰਕਾਰ ਦੀ ਖੇਤੀ ਕਰ ਸਕਦੇ ਹਾਂ । ਬੇਸ਼ਕ ਭਾਰਤ

ਵਿੱਚ ਇਸ ਵੱਲ ਕੁਝ ਕਦਮ ਚੁੱਕੇ ਜਾ ਰਹੇ ਹਨ ...। ਅਸੀਂ ਅਪਣੇ ਕੁਦਰਤੀ ਸਾਧਨਾਂ ਦੀ ਯਥਾਯੋਗ ਵਰਤੋਂ ਨ ਕਰਕੇ ਉਹਨਾਂ ਨੂੰ ਨਸ਼ਟ ਕਰ ਰਹੇ ਹਾਂ । ਸਾਡੇ ਕੋਲ ਹਰ ਪ੍ਰਕਾਰ ਦੇ ਵਿਗਿਆਨੀ ਮੌਜੂਦ ਹਨ । Genetic Scientist and Horticulturist ਆਦਿ । ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਜਿਸ ਚੀਜ਼ ਦੀ ਘਾਟ ਹੈ ਉਹ ਹੇਠਲੇ ਪਧੱਰ 'ਤੇ ਵਿਅਕਤੀਗਤ ਰੂਪ ਵਿੱਚ ਕਿਸਾਨਾ ਦੀ ਮੁਢੱਲੀ ਸਹਾਇਤਾ ਹੈ ।

ਭਾਰਤੀ ਕਿਸਾਨਾਂ ਦੀ ਲੋੜ ਕਿਸੇ ਤੋਂ ਲੁਕੀ ਛਿਪੀ ਨਹੀਂ ਹੈ । ਨਿਤ ਪ੍ਰਤੀ ਦਿਨ ਰੂਹ ਕੰਬਾਊ ਘਟਨਾਵਾਂ ਹੋ ਰਹੀਆਂ ਹਨ । ਅੱਜ ਲੋੜ ਇਸ ਗੱਲ ਦੀ ਹੈ ਕਿ ਕਿਸਾਨਾਂ ਦੀ ਭਲਾਈ ਅਤੇ ਖ਼ੈਰਖ਼ਵਾਹੀ ਖ਼ਾਤਰ ਇਕਜੁਟ ਹੋਕੇ ਉਹਨਾਂ ਨਿਰਾਸ਼ ਕਿਸਾਨਾ ਅੰਦਰ ਜੀਵਨ ਦੀ ਨਵੀਂ ਉਮੰਗ ਤੇ ਰੂਹ ਪੈਦਾ ਕਰਨ ਵਿੱਚ ਅਪਣਾ ਕਿਰਦਾਰ ਨਿਭਾਈਏ ਅਤੇ ਉਹਨਾਂ ਦੀ ਕਦਰ ਕਰੀਏ, ਉਹਨਾ ਕਿਸਾਨਾਂ ਦੀ ਹਰ ਸੰਭਵ ਸਹਾਇਤਾ ਕਰੀਏ।

ਅਹਮਦੀਆ ਮੁਸਲਿਮ ਜਮਾਤ ਭਾਰਤ ਇਹ ਸਹਾਨੁਭੂਤੀ ਦੀ ਸਿੱਖਿਆ ਇਸ ਲਈ ਦੇ ਰਹੀ ਹੈ ਕਿਉਂਕਿ ਦੇਸ਼ ਦੀ ਤਰੱਕੀ ਵਿੱਚ ਧਨਾਤਮਕ ਕਾਰਜ ਕਰਨਾ ਸਾਡੇ ਈਮਾਨ ਦਾ ਹਿਸੱਾ ਹੈ ਅਤੇ ਇਸ ਵਿਸ਼ਵ ਵਿਆਪੀ ਜਮਾਤ ਦੇ ਬਾਨੀ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਰੱਬ ਦੀ ਮਖ਼ਲੂਕ ਨਾਲ ਹਮਦਰਦੀ ਦੀ ਸਿੱਖਿਆ ਦਿੰਦੇ ਹੋਏ ਫ਼ਰਮਾਉਂਦੇ ਹਨ :

"ਉਹ ਧਰਮ ਧਰਮ ਨਹੀਂ ਜਿਸ ਵਿੱਚ ਆਮ ਹਮਦਰਦੀ ਦੀ ਸਿੱਖਿਆ ਨ ਹੋਵੇ ਅਤੇ ਨ ਉਹ ਮਨੁੱਖ ਮਨੁੱਖ ਹੈ ਜਿਸ ਵਿੱਚ ਹਮਦਰਦੀ ਦਾ ਮਾਦਾ ਨ ਹੋਵੇ" ਆਪ ਫ਼ਰਮਾਉਂਦੇ ਹਨ :

"ਮੈਂ ਮਨੁੱਖ ਜਾਤੀ ਨਾਲ ਅਜਿਹਾ ਪ੍ਰੇਮ ਕਰਦਾ ਹਾਂ ਜਿਵੇਂ ਮਿਹਰਬਾਨ ਮਾਂ ਆਪਣੇ ਬੱਚਿਆਂ ਨਾਲ ਸਗੋਂ ਇਸ ਤੋਂ ਵੀ ਵੱਧ ਕੇ"

ਜਮਾਤ ਅਹਮਦੀਆ ਦੇ ਬਾਨੀ ਦੇ ਇਸ ਆਦੇਸ਼ ਉਪੱਰ ਸੰਪੂਰਨ ਭਾਰਤ ਵਾਸੀਆਂ ਨਾਲ ਸਾਡੀ ਹਮਦਰਦੀ ਭਰੀ ਅਪੀਲ ਹੈ ਕਿ ਧਾਰਮਕ, ਰਾਜਨੀਤਿਕ, ਜਾਤੀ ਪਾਤੀ ਅਤੇ ਹਰ ਪ੍ਰਕਾਰ ਦੀਆਂ ਭਿੰਨਤਾਵਾਂ ਨੂੰ ਪਾਰ ਕਰਕੇ ਦੇਸ਼ ਤੇ ਵਤਨ ਦੀ ਸੇਵਾ ਲਈ ਇਕਜੁਟ ਹੋ ਜਾਣ ਅਤੇ ਦੇਸ਼ ਦੀ ਤਰੱਕੀ ਵਿੱਚ ਚੰਗੀ ਭੂਮਿਕਾ ਨਿਭਾਉਣ ।

**END RELEASE**

---

For further details please contact:
Incharge Press & Media, Ahmaidyya Muslim Jama'at India,
Qadian-143516, Distt.Gurdaspur, Punjab, India.
Mobile: +91-99887 57988, Email: pressamjindia@gmail.com,
Tel: +91-1872-500311, Fax: +91-1872-500178
Noorul Islam Toll Free Number: 1800-3010-2131